General Certificate of Education
Advanced Subsidiary Examination
June 2010

# Panjabi PANJ1

**Unit 1 Reading and Writing**

# Insert

**Text to be used when answering Section 1**

Text for use with **Section 1**

# ਪਰਵਾਸੀ ਪੰਜਾਬੀਆਂ ਦਾ ਪੰਜਾਬ ਦੇ ਵਿਕਾਸ ਵਿੱਚ ਯੋਗਦਾਨ

ਇਹ ਗੱਲ ਸੱਚ ਹੈ ਕਿ ਜੇ ਪਰਵਾਸੀ ਪੰਜਾਬੀ ਪੰਜਾਬ ਵਿੱਚ ਪੈਸੇ ਨਾ ਭੇਜਣ ਤਾਂ ਪੰਜਾਬ ਦਾ ਵਿਕਾਸ ਲੜਖੜਾ ਜਾਵੇ । ਸ਼ੁਰੂ ਵਿੱਚ ਦੁਆਬੇ ਦੇ ਪੰਜਾਬੀ ਜ਼ਿਆਦਾ ਵਿਦੇਸ਼ ਗਏ ਸਨ । ਇਨ੍ਹਾਂ ਵਿੱਚ ਦੋ ਤਰ੍ਹਾਂ ਦੇ ਲੋਕ ਸਨ ਇੱਕ ਤਾਂ ਘੱਟ ਜ਼ਮੀਨਾਂ ਵਾਲੇ ਕਿਸਾਨ ਅਤੇ ਦੂਜੇ ਕਾਰੀਗਰ ਲੋਕ । ਇੱਕ ਸਮਾਂ ਸੀ ਕਿ ਦੁਆਬੇ ਵਿੱਚ ਇੰਨਾ ਵਿਦੇਸ਼ੀ ਪੈਸਾ ਆਇਆ ਕਿ ਦੁਆਬਾ ਪ੍ਰਤੀ ਪਰਿਵਾਰ ਦੀ ਆਮਦਨੀ ਵਿੱਚ ਪੰਜਾਬ ਵਿੱਚ ਸਭ ਤੋਂ ਅੱਗੇ ਹੋ ਗਿਆ ।

ਖੇਤੀ ਬਾੜੀ ਦੇ ਮਾਹਿਰ ਮਨੋਹਰ ਸਿੰਘ ਗਿੱਲ ਨੇ ਦੁੱਖ ਪ੍ਰਗਟ ਕਰਦੇ ਹੋਏ ਕਿਹਾ ਕਿ ਖੇਤੀ ਬਾੜੀ ਵਿੱਚ ਆਮਦਨੀ ਅਤੇ ਖਰਚ ਦੇ ਅਨੁਪਾਤ ਦਾ ਕਦੇ ਵੀ ਸੰਤੁਲਨ ਨਹੀਂ ਰਹਿੰਦਾ ਤੇ ਕਿਸਾਨ ਨੂੰ ਪਤਾ ਹੀ ਨਹੀਂ ਹੁੰਦਾ ਕਿ ਲਾਭ ਹੋਵੇਗਾ ਜਾਂ ਨਹੀਂ । ਇਸ ਦੇ ਬਾਵਜੂਦ ਵੀ ਜੇ ਕਿਸਾਨ ਮਹਿੰਗੀ ਜ਼ਮੀਨ ਖਰੀਦ ਰਿਹਾ ਹੈ ਤਾਂ ਇਸ ਪਿੱਛੇ ਵਿਦੇਸ਼ੀ ਪੈਸਾ ਹੀ ਕੰਮ ਕਰ ਰਿਹਾ ਹੈ । ਇਹ ਵਿਦੇਸ਼ੀ ਪੈਸੇ ਦੀ ਮਦਦ ਨਾਲ ਹੀ ਖੇਤੀ ਬਾੜੀ ਵਿੱਚ ਸੰਤੁਲਨ ਰਹਿੰਦਾ ਹੈ ਤੇ ਕਿਸਾਨ ਘਾਟਾ ਝੱਲ ਸਕਦਾ ਹੈ । ਜੇ ਪੰਜਾਬ ਵਿੱਚ ਪਰਵਾਸੀ ਪੈਸਾ ਨਾ ਆਵੇ ਤਾਂ ਇਹ ਵੀ ਬੰਗਾਲ ਤੇ ਬਿਹਾਰ ਪ੍ਰਾਂਤ ਵਾਂਗ ਗਰੀਬੀ ਦਾ ਸ਼ਿਕਾਰ ਹੋ ਜਾਵੇ ।

ਪੰਜਾਬ ਵਿੱਚ ਹਰ ਰੋਜ਼ ਪੰਜ ਤੋਂ ਸੱਤ ਕਰੋੜ ਰੁਪਿਆ ਵਿਦੇਸ਼ਾਂ ਵਿੱਚੋਂ ਬੈਂਕਾਂ ਰਾਹੀਂ ਜਾਂਦਾ ਹੈ । ਇਨ੍ਹਾਂ ਹਾਲਤਾਂ ਵਿੱਚ ਪੰਜਾਬ ਦੀ ਆਰਥਿਕ ਸਥਿਤੀ ਪਰਵਾਸੀ ਪੰਜਾਬੀਆਂ ਦੇ ਪੈਸੇ ਦੀ ਮੁਹਤਾਜ ਕਿਉਂ ਨਹੀਂ ਹੋਵੇਗੀ ? ਪਰਵਾਸੀ ਪੰਜਾਬੀ ਪੰਜਾਬ ਦੀਆਂ ਸਿੱਖਿਆ ਸੰਸਥਾਂਵਾਂ, ਹਸਪਤਾਲਾਂ ਅਤੇ ਲੋਕ ਭਲਾਈ ਦੇ ਹੋਰ ਕੰਮਾਂ ਦੇ ਵਿਕਾਸ ਵਿੱਚ ਬੇਹਿਸਾਬ ਪੈਸੇ ਲਗਾ ਰਹੇ ਹਨ । ਪਰ ਫਿਰ ਵੀ ਪੰਜਾਬ ਸਰਕਾਰ ਪਰਵਾਸੀ ਪੰਜਾਬੀਆਂ ਦੀਆਂ ਮੁਸ਼ਕਲਾਂ ਵੱਲ ਕੋਈ ਧਿਆਨ ਨਹੀਂ ਦੇ ਰਹੀ । ਪਰਵਾਸੀ ਪੰਜਾਬੀਆਂ ਦੀਆਂ ਜ਼ਮੀਨਾਂ ਤੇ ਕਬਜ਼ੇ ਹੋ ਰਹੇ ਹਨ ਅਤੇ ਪੁਲੀਸ ਤੇ ਅਫਸਰਾਂ ਦਾ ਵਤੀਰਾ ਪਰਵਾਸੀ ਪੰਜਾਬੀਆਂ ਪ੍ਰਤੀ ਬੜਾ ਹੀ ਮਾੜਾ ਹੈ । ਜੇ ਹਾਲਾਤ ਇਸੇ ਤਰ੍ਹਾਂ ਹੀ ਰਹੇ ਤਾਂ ਪਰਵਾਸੀ ਪੰਜਾਬੀ ਪੰਜਾਬ ਵਿੱਚ ਪੈਸਾ ਲਗਾਉਣਾ ਬੰਦ ਕਰ ਦੇਣਗੇ ।

ਪੰਜਾਬ ਸਰਕਾਰ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਪਰਵਾਸੀ ਪੰਜਾਬੀਆਂ ਦੀ ਸਿਰਫ ਇਹੀ ਪੀੜ੍ਹੀ ਹੈ ਜਿਹੜੀ ਪੰਜਾਬ ਵਿੱਚ ਪੈਸੇ ਲਗਾ ਰਹੀ ਹੈ । ਅਗਲੀ ਪੀੜ੍ਹੀ ਪੰਜਾਬ ਵਿੱਚ ਪੈਸਾ ਤਾਂ ਹੀ ਲਗਾਵੇਗੀ ਜੇ ਪੰਜਾਬ ਵਿੱਚ ਵਿਦੇਸ਼ਾਂ ਵਰਗਾ ਵਾਤਾਵਰਣ ਤੇ ਸਹੂਲਤਾਂ ਮਿਲਣਗੀਆਂ । ਅੱਜ ਪਰਵਾਸੀ ਪੰਜਾਬੀਆਂ ਦੀ ਜਵਾਨ ਪੀੜ੍ਹੀ ਦਾ ਰੁਝਾਨ ਚੀਨ ਵਿੱਚ ਪੂੰਜੀ ਲਗਾਉਣ ਵੱਲ ਹੈ ਕਿਉਂਕਿ ਉੱਥੇ ਬਹੁਤ ਸਾਰੀਆਂ ਸਹੂਲਤਾਂ ਮਿਲ ਰਹੀਆਂ ਹਨ ।

Copyright © 2010 AQA and its licensors. All rights reserved.